# ਪ੍ਰੈਮਸਿਸ ਲਾਇਸੰਸ ਵਾਸਤੇ ਅਰਜ਼ੀ ਭਰਨ ਬਾਰੇ ਜਾਣਕਾਰੀ ਲਈ ਨੋਟ

ਉਨ੍ਹਾਂ ਇਮਾਰਤਾਂ ਜਾਂ ਸਥਾਨਾਂ ਲਈ ਪ੍ਰੈਮਸਿਸ ਲਾਇਸੰਸ (ਇਮਾਰਤੀ ਲਸੰਸ) ਲੈਣ ਦੀ ਲੋੜ ਹੈ ਜਿਨ੍ਹਾਂ ਵਿਚ ਹੇਠ ਲਿਖੇ ਕੰਮ ਕਰਨ ਦੀ ਤਜਵੀਜ਼ ਹੈ:-

ਸ਼ਰਾਬ ਦੀ ਵਿੱਕਰੀ;
ਰੈਗੂਲੇਟਿਡ ਐਂਟਰਟੇਨਮੈਂਟ (ਕਾਨੂੰਨੀ ਮਨੋਰੰਜਨ) ਦਾ ਪ੍ਰਬੰਧ
ਕਿਸੇ ਕਲੱਬ ਦੇ ਮੈਂਬਰ ਜਾਂ ਉਸਦੇ ਮਹਿਮਾਨ ਨੂੰ ਸ਼ਰਾਬ ਦੇਣਾ;
ਦੇਰ ਰਾਤ ਹਲਕਾ ਫੁਲਕਾ ਖਾਣਾ (ਰੈਫਰੈਸ਼ਮੈਂਟ) ਦੇਣ ਦਾ ਪ੍ਰਬੰਧ

## ਅਰਜ਼ੀ ਪੱਤਰ (ਐਪਲੀਕੇਸ਼ਨ ਫ਼ਾਰਮ)

ਪ੍ਰੈਮਸਿਸ ਲਾਇਸੰਸ ਲਈ ਕੇਵਲ ਇਕ ਵਾਰ ਅਰਜ਼ੀ ਦੇਣ ਦੀ ਲੋੜ ਹੈ। ਜੇਕਰ ਬਾਅਦ ਵਿਚ ਕੋਈ ਸੋਧ ਕਰਨ ਦੀ ਲੋੜ ਹੋਵੇ, ਤਾਂ ਵਖਰੇਵੇਂ ਵਾਲੀ ਅਰਜ਼ੀ (ਵੇਰੀਏਸ਼ਨ ਐਪਲੀਕੇਸ਼ਨ) ਦੀ ਲੋੜ ਹੋਵੇਗੀ। ਅਰਜ਼ੀ ਦੇਣ ਵਾਸਤੇ ਹੇਠ ਲਿਖੇ ਦਸਤਾਵੇਜ਼ਾਂ ਦੀ ਲੋੜ ਹੈ:-

1. ਪ੍ਰੈਮਸਿਸ ਲਾਇਸੰਸ ਦੀ ਮਨਜ਼ੂਰੀ ਲਈ ਤਜਵੀਜ਼ਸ਼ੁਦਾ ਐਪਲੀਕੇਸ਼ਨ ਫ਼ਾਰਮ
2. ਅਖਬਾਰ ਵਿਚ ਦੇਣ ਵਾਸਤੇ ਅਤੇ ਇਮਾਰਤ/ਸਥਾਨ ਉੱਪਰ ਲਗਾਉਣ ਲਈ ਤਜਵੀਜ਼ਸ਼ੁਦਾ ਇਸ਼ਤਿਹਾਰ
3. ਇਸ ਕੌਂਸਲ ਵਲੋਂ ਅਪਨਾਈ ਵਰਤਮਾਨ ਲਾਇਸੰਸਿੰਗ ਪਾਲਿਸੀ
4. ਜ਼ਿੰਮੇਵਾਰ ਅਥਾਰਿਟੀਜ਼ ਦੀ ਸੂਚੀ
5. ਫੀ ਸਟਰੱਕਚਰ (ਫੀਸ ਦਾ ਢਾਂਚਾ)

ਤੁਹਾਨੂੰ ਇਹ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਾਰੇ ਦਸਤਾਵੇਜ਼ਾਂ ਵੱਲ ਪੂਰਾ ਧਿਆਨ ਦਿਓ।

## ਯੋਜਨਾਵਾਂ (ਪਲੈਨਜ਼)

ਅਰਜ਼ੀ ਦੇ ਨਾਲ ਇਮਾਰਤ ਦਾ ਪਲੈਨ ਸ਼ਾਮਲ ਹੋਣਾ ਚਾਹੀਦਾ ਹੈ, ਅਤੇ ਇਸਦੀਆਂ ਕਾਪੀਆਂ ਜ਼ਿੰਮੇਵਾਰ ਅਥਾਰਿਟੀਆਂ ਨੂੰ ਅਰਜ਼ੀ ਦੇ ਹਿੱਸੇ ਵਜੋਂ ਭੇਜਣੀਆਂ ਚਾਹੀਦੀਆਂ ਹਨ। ਇਮਾਰਤ ਦੇ ਪਲੈਨ ਵਿਚ ਹੇਠ ਲਿਖੀਆਂ ਗੱਲਾਂ ਦਰਸਾਉਣ ਲਈ ਐਕਟ ਵਿਚ ਲਿਖੀਆਂ ਸ਼ਰਤਾਂ ਦੀ ਪੂਰਤੀ ਹੋਣੀ ਚਾਹੀਦੀ ਹੈ:-

a) ਇਮਾਰਤ ਦੀ ਹੱਦ, ਜੇਕਰ ਇਹ ਉਚਿਤ ਹੋਵੇ, ਅਤੇ ਇਮਾਰਤ ਦੀਆਂ ਬਾਹਰਲੀਆਂ ਅਤੇ ਅੰਦਰਲੀਆਂ ਕੰਧਾਂ, ਅਤੇ ਜੇਕਰ ਭਿੰਨ ਹੋਵੇ, ਇਮਾਰਤ ਦਾ ਚੌਗਿਰਦਾ।
b) ਇਮਾਰਤ ਵਿਚ ਆਉਣ ਅਤੇ ਬਾਹਰ ਜਾਣ ਵਾਲੇ ਸਥਾਨ;
c) ਜੇਕਰ ਪੈਰਾਗਰਾਫ (b) ਤੋਂ ਭਿੰਨ ਹਨ ਤਾਂ, ਸਥਾਨ ਤੋਂ ਸੰਕਟ ਵੇਲੇ ਬਚ ਨਿਕਲਣ ਦੇ ਰਸਤੇ;
d) ਜਿੱਥੇ ਇਮਾਰਤ ਵਿਚ ਕੋਈ ਪੌਡੇ, ਪੌੜੀਆਂ, ਐਲੀਵੇਟਰ ਜਾਂ ਲਿਫਟਾਂ ਹਨ, ਇਨ੍ਹਾਂ ਦੀ ਸਥਿਤੀ;
e) ਮਰਦ ਅਤੇ ਇਸਤਰੀਆਂ ਲਈ ਸਾਫ ਸਫਾਈ ਕਰਨ (ਸੈਨੀਟਰੀ) ਵਾਲੀਆਂ ਸਹੂਲਤਾਂ ਦੀ ਸਥਿਤੀ ਅਤੇ ਗਿਣਤੀ;
f) ਫਾਇਰ ਸੇਫਟੀ ਅਤੇ ਸੁਰੱਖਿਆ ਵਾਲੇ ਕੋਈ ਹੋਰ ਸਮਾਨ ਦੀ ਸਥਿਤੀ ਅਤੇ ਕਿਸਮ;
g) ਇਮਾਰਤ ਵਿਚ ਰਸੋਈ ਦੀ ਸਥਿਤੀ।

ਪਲੈਨ ਦੀ ਸਕੇਲ 1:100 ਹੋਣੀ ਚਾਹੀਦੀ ਹੈ ਬਸ਼ਰਤੇ ਕਿ ਤੁਸੀਂ ਪਹਿਲਾਂ ਹੀ ਲਾਇਸੰਸਿੰਗ ਅਥਾਰਿਟੀ ਨਾਲ ਇਸ ਗੱਲ ਨਾਲ ਸਹਿਮਤ ਹੋਏ ਹੋ ਕਿ ਵੱਖਰੀ ਸਕੇਲ ਵਾਲਾ ਪਲੈਨ ਸਵੀਕਾਰ ਹੈ।

## ਜ਼ਿੰਮੇਵਾਰ ਅਥਾਰਿਟੀਆਂ

ਤੁਸੀਂ ਜਿਸ ਦਿਨ ਲਾਇਸੰਸਿੰਗ ਅਥਾਰਿਟੀ ਨੂੰ ਅਰਜ਼ੀ ਦਿੰਦੇ ਹੋ, ਤੁਹਾਨੂੰ ਉਸੇ ਦਿਨ ਇਸਦੀ ਅਤੇ ਇਸਦੇ ਨਾਲ ਹੋਰ ਦਸਤਾਵੇਜ਼ਾਂ ਦੀ ਕਾਪੀ, 'ਜ਼ਿੰਮੇਵਾਰ ਅਥਾਰਿਟੀਆਂ' ਨੂੰ ਦੇਣੀ ਚਾਹੀਦੀ ਹੈ। ਇਨ੍ਹਾਂ ਦਾ ਵੇਰਵਾ ਜ਼ਿੰਮੇਵਾਰ ਅਥਾਰਿਟੀਆਂ ਵਾਲੀ ਸ਼ੀਟ ਵਿਚ ਦਿੱਤਾ ਗਿਆ ਹੈ।

### ਇਸ਼ਤਿਹਾਰ

ਐਕਟ ਵਿਚ ਲਿਖੇ ਅਨੁਸਾਰ ਅਰਜ਼ੀਆਂ ਦਾ ਇਸ਼ਤਿਹਾਰ ਜ਼ਰੂਰ ਦੇਣਾ ਚਾਹੀਦਾ ਹੈ। ਇਸ ਵਿਚ ਤਜਵੀਜ਼ਸ਼ੁਦਾ ਨੋਟਿਸ ਫ਼ਾਰਮ ਨੂੰ 28 ਦਿਨ ਤੱਕ ਉਸ ਇਮਾਰਤ ਦੇ ਬਾਹਰ ਕਿਸੇ ਦਿਸਣਯੋਗ ਸਥਾਨ 'ਤੇ ਲਗਾਉਣਾ ਚਾਹੀਦਾ ਹੈ ਜਿਸ ਨਾਲ ਅਰਜ਼ੀ ਸੰਬੰਧਿਤ ਹੈ। ਨੋਟਿਸ ਇਸ ਤਰੀਕੇ ਨਾਲ ਲਿਖਿਆ ਅਤੇ ਲਗਾਇਆ ਹੋਵੇ ਕਿ ਇਹ ਸੜਕ (ਸੜਕਾਂ) ਜਾਂ ਨਾਲ ਵਾਲੇ ਜਨਤਕ ਸਥਾਨਾਂ ਤੋਂ ਲੰਘਣ ਵਾਲੇ ਵਿਅਕਤੀਆਂ ਵਲੋਂ ਆਸਾਨੀ ਨਾਲ ਪੜ੍ਹਿਆ ਜਾ ਸਕੇ। ਤਜਵੀਜ਼ਸ਼ੁਦਾ ਨੋਟਿਸ ਏ 4 ਆਕਾਰ ਦਾ ਅਤੇ ਹਲਕੇ ਨੀਲੇ ਰੰਗ ਦਾ ਹੋਣਾ ਚਾਹੀਦਾ ਹੈ।

ਲਸੰਸ ਦੀ ਮਨਜ਼ੂਰੀ ਲਈ ਸਾਰੇ ਬਿਨੈਕਾਰਾਂ ਨੂੰ ਸਥਾਨਕ ਪੇਪਰ ਵਿਚ ਅਰਜ਼ੀ ਦੇਣ ਦੀ ਤਰੀਕ ਦੇ ਦਸ ਦਿਨ ਦੇ ਅੰਦਰ ਇਸ ਬਾਰੇ ਵਿਗਿਆਪਨ ਦੇਣ ਦੀ ਲੋੜ ਹੈ। ਜੇਕਰ ਤੁਸੀਂ ਸਹੀ ਤਰੀਕੇ ਨਾਲ ਅਰਜ਼ੀ ਬਾਰੇ ਵਿਗਿਆਪਨ ਨਹੀਂ ਦਿੰਦੇ ਤਾਂ, ਅਸੀਂ ਤੁਹਾਡੀ ਅਰਜ਼ੀ ਰੱਦ ਕਰ ਦੇਵਾਂਗੇ।

## ਫੀਸ

ਪ੍ਰੈਮਿਸਿਸ ਲਾਇਸੰਸ ਦੀ ਮਨਜ਼ੂਰੀ ਦੀ ਫੀਸ ਇਮਾਰਤ ਲਈ ਅਦਾ ਕੀਤੇ ਜਾਣ ਵਾਲੇ ਅਣ-ਘਰੇਲੂ ਰੇਟ ਦੀ ਕੀਮਤ ਰੇਟੇਬਲ ਵੈਲਯੂ (NDRV)) ਅਨੁਸਾਰ ਲਈ ਜਾਂਦੀ ਹੈ। ਇਨ੍ਹਾਂ ਦਾ ਵੇਰਵਾ ਫੀ ਸਟਰੱਕਚਰ ਸ਼ੀਟ 'ਤੇ ਦਿੱਤਾ ਗਿਆ ਹੈ।

ਅਰਜ਼ੀ ਦੇ ਨਾਲ ਉਚਿਤ ਫੀਸ ਭੇਜਣੀ ਚਾਹੀਦੀ ਹੈ। **ਜੇਕਰ ਅਰਜ਼ੀ ਕੇਵਲ ਨਿਯਮਿਤ ਮਨੋਰੰਜਨ ਲਈ ਹੈ ਅਤੇ ਇਹ ਮਨੋਰੰਜਨ ਕਿਸੇ ਚਰਚ/ਚੈਪਲ ਹਾਲ ਜਾਂ ਕਿਸੇ ਪਿੰਡ, ਪੈਰਿਸ਼ ਜਾਂ ਕਮਿਉਨਿਟੀ ਹਾਲ ਵਿਚ ਜਾਂ ਇਹੋ ਜਿਹੀਆਂ ਇਮਾਰਤਾਂ ਅਤੇ ਸਕੂਲ ਜਾਂ ਕੌਲਿਜ ਵਿਚ ਹੋਣਾ ਹੈ ਤਾਂ ਇਸਦੀ ਕੋਈ ਫੀਸ ਨਹੀਂ ਹੈ।**

### ਅਰਜ਼ੀ-ਪੱਤਰ ਭਰਨਾ

**ਆਰੰਭਕ ਬਿਆਨ ਵਿਚ, ਤੁਹਾਨੂੰ ਲਸੰਸ ਲਈ ਅਰਜ਼ੀ ਦੇਣ ਵਾਲੇ ਬਿਨੈਕਾਰ ਜਾਂ ਬਿਨੈਕਾਰਾਂ ਦੇ ਨਾਮ ਲਿਖਣੇ ਚਾਹੀਦੇ ਹਨ।**

ਭਾਗ 1 – ਇਮਾਰਤ ਦਾ ਵੇਰਵਾ

**ਇਸ ਭਾਗ ਵਿਚ ਇਮਾਰਤ ਦਾ ਪਤਾ ਅਤੇ ਕੁਝ ਹੋਰ ਵੇਰਵੇ ਪੁੱਛੇ ਗਏ ਹਨ। ਜੇਕਰ ਇਮਾਰਤ ਦਾ ਕੋਈ ਪੋਸਟਲ ਐਡਰੈੱਸ (ਡਾਕ ਪਤਾ) ਨਹੀਂ ਹੈ, ਉਦਾਹਰਣ ਵਜੋਂ, ਜੇਕਰ ਅਰਜ਼ੀ ਕਿਸੇ ਖੁੱਲ੍ਹੀ ਜਗ੍ਹਾ ਵਾਸਤੇ ਹੈ, ਤਾਂ ਤੁਹਾਨੂੰ ਉਸ ਜਗ੍ਹਾ ਦੀ ਸਥਿਤੀ ਦੱਸਣੀ ਚਾਹੀਦੀ ਹੈ ਜਾਂ ਔਰਡੈਂਸ ਸਰਵੇ ਵਾਲੇ ਨਕਸ਼ੇ ਦਾ ਹਵਾਲਾ ਦੇਣਾ ਚਾਹੀਦਾ ਹੈ।**

**ਇਹ ਭਾਗ ਇਮਾਰਤ ਦੀ ਨੌਨ ਡੌਮੈਸਟਿਕ ਰੇਟੇਬਲ ਵੈਲਯੂ ਬਾਰੇ ਵੀ ਪੁੱਛਦਾ ਹੈ। ਇਹ ਉਹ ਰਕਮ ਨਹੀਂ ਹੈ ਜੋ ਤੁਸੀਂ ਅਸਲ ਵਿਚ ਬਿਜਨੈੱਸ ਰੇਟ ਅਦਾ ਕਰਦੇ ਹੋ, ਲੇਕਿਨ ਉਹ ਕੀਮਤ ਹੈ ਜੋ ਮੁੱਲਾਂਕਣ ਵਾਲੇ ਦਫ਼ਤਰ ਵਲੋਂ ਤਹਿ ਕੀਤੀ ਗਈ ਹੈ, ਜਿਸ ਨਾਲ ਬਿਜਨੈੱਸ ਰੇਟ ਤਹਿ ਕਰਨ ਵਿਚ ਮਦਦ ਮਿਲਦੀ ਹੈ। ਵੈਲੂਏਸ਼ਨ ਔਫ਼ਿਸ ਏਜੰਸੀ (VOA) ਤੋਂ ਕਿਸੇ ਵੀ ਸਥਾਨ ਦੀ ਨੌਨ ਡੌਮੈਸਟਿਕ ਰੇਟੇਬਲ ਵੈਲਯੂ (NDRV) ਦਾ ਪਤਾ ਲੱਗ ਸਕਦਾ ਹੈ ਜਿਨ੍ਹਾਂ ਦੀ ਵੈੱਬਸਾਈਟ ਦਾ ਪਤਾ ਹੈ:** www.voa.gov.uk

ਭਾਗ 2 – ਬਿਨੈਕਾਰ ਦਾ ਵੇਰਵਾ

**ਇਸ ਭਾਗ ਵਿਚ ਤੁਹਾਡੇ ਕੋਲੋਂ ਇਹ ਪੁੱਛਿਆ ਗਿਆ ਹੈ ਕਿ ਤੁਸੀਂ ਕਿਵੇਂ ਅਰਜ਼ੀ ਦੇ ਰਹੇ ਹੋ, ਉਦਾਹਰਣ ਵਜੋਂ ਇਕ ਵਿਅਕਤੀ, ਲਿਮਟਿਡ ਕੰਪਨੀ, ਚੈਰਟੀ ਵਜੋਂ ਆਦਿਕ। ਤੁਸੀਂ ਇਨ੍ਹਾਂ ਵਿਚੋਂ ਕੇਵਲ ਇਕ ਵਾਸਤੇ ਅਰਜ਼ੀ ਦੇ ਸਕਦੇ ਹੋ ਇਸ ਵਾਸਤੇ ਕੇਵਲ ਇਕ ਖਾਨੇ ਵਿਚ ਟਿੱਕ ਲਗਾਓ।**

**ਤਦ ਤੁਸੀਂ ਹੋਰ ਵੇਰਵਾ ਜਾਂ ਭਾਗ (A) ਵਿਅਕਤੀਗਤ ਬਿਨੈਕਾਰ ਜਾਂ ਭਾਗ (B) ਹੋਰ ਬਿਨੈਕਾਰ ਵਿਚ ਦਿਓ, ਲੇਕਿਨ ਦੋਨ੍ਹਾਂ ਵਿਚ ਨਹੀਂ।**

ਭਾਗ 3 – ਚਲਾਉਣ ਦਾ ਸਮਾਂ

**ਤੁਹਾਨੂੰ ਉਹ ਤਰੀਕ ਦੇਣੀ ਚਾਹੀਦੀ ਹੈ ਜਦ ਤੁਸੀਂ ਲਸੰਸ ਸ਼ੁਰੂ ਕਰਨਾ ਚਾਹੁੰਦੇ ਹੋ। ਇਮਾਰਤ ਜਾਂ ਸਥਾਨ ਦਾ ਲਸੰਸ ਸਦਾ ਵਾਸਤੇ ਹੈ, ਬਸ਼ਰਤੇ ਕਿ ਦਿੱਤੇ ਗਏ ਖਾਨੇ ਵਿਚ ਕੁਝ ਹੋਰ ਲਿਖਿਆ ਹੋਇਆ ਹੋਵੇ।**

ਸਥਾਨ ਵਿਚ ਕਿਸੇ ਇਕ ਸਮੇਂ ਵਿਚ ਆਉਣ ਵਾਲੇ ਲੋਕਾਂ ਦੀ ਗਿਣਤੀ ਵਾਲਾ ਸਵਾਲ ਇਹ ਨਿਸ਼ਚਿਤ ਕਰਨ ਲਈ ਜ਼ਰੂਰੀ ਹੈ ਕਿ ਕੀ ਵੱਡੇ ਪ੍ਰੋਗਰਾਮਾਂ ਲਈ ਵਾਧੂ ਫੀਸ ਲੱਗਣੀ ਚਾਹੀਦੀ ਹੈ। ਜੇਕਰ ਤੁਸੀਂ ਸਮਝਦੇ ਹੋ ਕਿ 5000 ਤੋਂ ਘੱਟ ਲੋਕ ਆਉਣਗੇ ਤਾਂ ਤੁਹਾਨੂੰ ਇਸ ਖਾਨੇ ਵਿਚ ਲਿਖਣ ਦੀ ਲੋੜ ਨਹੀਂ ਹੈ।

ਤੁਹਾਨੂੰ ਸਥਾਨ ਦਾ ਵਰਣਨ ਕਰਨ ਵਾਸਤੇ ਕਿਹਾ ਗਿਆ ਹੈ। ਉਦਾਹਰਣ ਵਜੋਂ ਸਥਾਨ ਦੀ ਕਿਸਮ, ਇਸਦੀ ਆਮ ਹਾਲਤ ਅਤੇ ਲੇਆਉਟ ਭਾਵ ਵਿਓਂਤ ਅਤੇ ਕੋਈ ਹੋਰ ਜਾਣਕਾਰੀ ਜੋ ਲਸੰਸ ਦੇ ਮਕਸਦਾਂ ਲਈ ਢੁੱਕਵੀਂ ਹੋਵੇ।

ਲਸੰਸ ਵਾਲੀਆਂ ਗਤੀਵਿਧੀਆਂ – ਢੁੱਕਵੇਂ ਖਾਨੇ ’ਤੇ ਟਿੱਕ ਕਰਕੇ ਤੁਹਾਨੂੰ ਇਹ ਦੱਸਣਾ ਚਾਹੀਦਾ ਹੈ ਕਿ ਤੁਸੀਂ ਕਿਹੜੀਆਂ ਲਸੰਸਦਾਰ ਗਤੀਵਿਧੀਆਂ ਕਰਨੀਆਂ ਚਾਹੁੰਦੇ ਹੋ। ਹਰ ਇਕ ਗਤੀਵਿਧੀ ਲਈ ਖਾਨਾ ਬਣਿਆਂ ਹੋਇਆ ਹੈ, ਜਿਵੇਂ ਕਿ:

| | |
|---|---|
| **A** | ਪਲੇਅ (ਡਰਾਮਾ) |
| **B** | ਫ਼ਿਲਮਾਂ |
| **C** | ਅੰਦਰ ਵਾਲੀਆਂ ਖੇਡਾਂ |
| **D** | ਬੌਕਸਿੰਗ ਜਾਂ ਰੈਸਲਿੰਗ |
| **E** | ਸੰਗੀਤਕਾਰਾਂ ਵਲੋਂ ਪੇਸ਼ ਸੰਗੀਤ |
| **F** | ਰਿਕਾਰਡ ਕੀਤਾ ਸੰਗੀਤ |
| **G** | ਨਾਚ ਦੀ ਪੇਸ਼ਕਾਰੀ |
| **H** | E, F ਜਾਂ G ਨਾਲ ਰਲਦੀ ਮਿਲਦੀ ਕੋਈ ਗਤੀਵਿਧੀ |
| **I** | ਸੰਗੀਤ ਪੈਦਾ ਕਰਨ ਲਈ ਸਹੂਲਤਾਂ ਦਾ ਪ੍ਰਬੰਧ |
| **J** | ਨੱਚਣ ਲਈ ਸਹੂਲਤਾਂ ਦਾ ਪ੍ਰਬੰਧ |
| **K** | I ਜਾਂ J ਨਾਲ ਰਲਦੀਆਂ ਮਿਲਦੀਆਂ ਗਤੀਵਿਧੀਆਂ ਲਈ ਸਹੂਲਤਾਂ ਦਾ ਪ੍ਰਬੰਧ |
| **L** | ਦੇਰ ਰਾਤ ਗਏ ਖਾਣਾ |
| **M** | ਸ਼ਰਾਬ ਦੇਣੀ |

ਤੁਹਾਨੂੰ 24 ਘੰਟੇ ਕਲੌਕ ਦੀ ਵਰਤੋਂ ਕਰਦੇ ਹੋਏ ਸਮਾਂ ਦੱਸਣਾ ਚਾਹੀਦਾ ਹੈ ਅਤੇ ਹਫਤੇ ਦੇ ਕੇਵਲ ਉਨ੍ਹਾਂ ਦਿਨਾਂ ਦਾ ਨਾਮ ਲਿਖਣਾ ਚਾਹੀਦਾ ਹੈ ਜਦ ਤੁਸੀਂ ਲੇਟ ਨਾਈਟ ਰੈਫਰੈਸ਼ਮੈਂਟਸ (ਦੇਰ ਰਾਤ ਵੇਲੇ ਖਾਣਾ) ਦੇਣਾ ਚਾਹੁੰਦੇ ਹੋ।'ਮੌਸਮ ਅਨੁਸਾਰ ਤਬਦੀਲੀ ਬਾਰੇ ਦੱਸੋ' ਵਾਲਾ ਸਥਾਨ ਤੁਹਾਨੂੰ ਲੰਬਾ ਸਮਾਂ ਜਾਂ ਗਰਮੀਆਂ ਵਿਚ ਵਾਧੂ ਦਿਨਾਂ ਬਾਰੇ ਦੱਸਣ ਦਾ ਮੌਕਾ ਦਿੰਦਾ ਹੈ।' ਨੌਨ ਸਟੈਂਡਰਡ ਟਾਇਮਿੰਗ' ਵਾਲਾ ਸਥਾਨ ਤੁਹਾਨੂੰ ਉਹ ਮੌਕੇ ਲਿਖਣ ਦਾ ਮੌਕਾ ਦਿੰਦਾ ਹੈ ਜਦ ਸਮਾਂ ਬਦਲ ਜਾਵੇਗਾ। ਉਦਾਹਰਣ ਵਜੋਂ, ਹੋ ਸਕਦਾ ਹੈ ਤੁਸੀਂ ਕ੍ਰਿਸਮਿਸ ’ਤੇ ਜਾਂ ਬੈਂਕ ਹਾਲੀਡੇ ਵਾਲੇ ਵੀਕਐਂਡ ’ਤੇ ਗਤੀਵਿਧੀ ਨੂੰ ਲੰਬੇ ਸਮੇਂ ਤੱਕ ਜਾਰੀ ਰੱਖਣਾ ਚਾਹੁੰਦੇ ਹੋਵੋ।

ਖਾਨਾ O – ਇਸ ਵਿਚ ਉਹ ਸਮਾਂ ਸ਼ਾਮਲ ਕੀਤਾ ਜਾ ਸਕਦਾ ਹੈ ਜਦ ਲਸੰਸ ਵਾਲੀਆਂ ਕੋਈ ਗਤੀਵਿਧੀਆਂ ਨਹੀਂ ਹੋ ਰਹੀਆਂ, ਜ਼ਿੰਮੇਵਾਰ ਅਥਾਰਿਟੀਆਂ ਅਤੇ ਲਾਇਸੰਸਿੰਗ ਅਥਾਰਿਟੀ ਲਈ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਤੁਹਾਡੀ ਜਗ੍ਹਾ ਲਸੰਸਦਾਰ ਗਤੀਵਿਧੀਆਂ ਵਾਲੇ ਸਮੇਂ ਤੋਂ ਇਲਾਵਾ ਹੋਰ ਕਿਤਨੇ ਸਮੇਂ ਤੱਕ ਖੁੱਲ੍ਹੀ ਰਹੇਗੀ।

ਤੁਹਾਨੂੰ ਦਿੱਤੇ ਗਏ ਸਥਾਨਾਂ ਵਿਚ ਇਹ ਦੱਸਣਾ ਚਾਹੀਦਾ ਹੈ ਕਿ ਆਇਆ ਲਸੰਸਦਾਰ ਗਤੀਵਿਧੀਆਂ ਲਈ ਕੋਈ 'ਮੌਸਮ ਅਨੁਸਾਰ ਤਬਦੀਲੀਆਂ' ਅਤੇ 'ਨੌਨ ਸਟੈਂਡਰਡ ਟਾਇਮਿੰਗ' ਨਾਲ, ਜਨਤਾ ਲਈ ਸਥਾਨ ਖੁੱਲ੍ਹਣ ਦੇ ਸਮੇਂ ’ਤੇ ਕੋਈ ਅਸਰ ਪੈਂਦਾ ਹੈ।

ਲਸੰਸ ਦੇ ਮੰਤਵਾਂ ਨੂੰ ਵਧਾਉਣ ਲਈ ਕਦਮ – ਇਹ ਨਾ ਭੁੱਲੋ ਕਿ ਤੁਹਾਨੂੰ ਹੋਰ ਖੇਤਰਾਂ ਵਿਚ ਵੀ ਢੁੱਕਵੇਂ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਨਾਲ ਭੇਜੀ ਗਈ ਲਾਇਸੰਸਿੰਗ ਪੌਲਿਸੀ ਇਸ ਖੇਤਰ ਵਿਚ ਤੁਹਾਨੂੰ ਹੋਰ ਸੇਧ ਦੇਵੇਗੀ। ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ ਹੋਰ ਕੁਝ ਕਰਨ ਵਾਲਾ ਨਹੀਂ ਹੈ, ਤਾਂ N/A ਲਿਖ ਦਿਓ।

ਜੇਕਰ ਅਰਜ਼ੀ ਕਿਸੇ ਤਰ੍ਹਾਂ ਪੂਰੀ ਨਹੀਂ ਭਰੀ ਗਈ, ਤਾਂ ਇਸਨੂੰ ਬਾਕਾਇਦਾ ਅਰਜ਼ੀ ਨਹੀਂ ਸਮਝਿਆ ਜਾਵੇਗਾ ਅਤੇ ਵਾਪਸ ਭੇਜ ਦਿੱਤਾ ਜਾਵੇਗਾ। ਇਸ ਨਾਲ ਬਿਨਾਂ ਵਜ੍ਹਾ ਦੇਰੀ ਹੋ ਸਕਦੀ ਹੈ ਜਿਸ ਦੌਰਾਨ ਲਸੰਸਦਾਰ ਗਤੀਵਿਧੀਆਂ, ਜਿਨ੍ਹਾਂ ਨੂੰ ਲਸੰਸ ਦਾ ਲਾਭ ਹੋਣਾ ਸੀ, ਹੋ ਸਕਦਾ ਹੈ ਨਾ ਹੋ ਸਕਣ।

ਕ੍ਰਿਪਾ ਕਰਕੇ ਨੋਟ ਕਰੋ ਕਿ ਬਿਨੈਕਾਰਾਂ ਜਾਂ ਓਨ੍ਹਾਂ ਦੇ ਨੁਮਾਇੰਦਿਆਂ ਵਲੋਂ ਕਿਸੇ ਅਰਜ਼ੀ ਦੇ ਸੰਬੰਧ ਵਿਚ ਕੌਂਸਲ ਦੇ ਕਿਸੇ ਮੈਂਬਰ ਕੋਲ ਕੀਤੀ ਗਈ ਸਿੱਧੀ ਪਹੁੰਚ ਨੂੰ ਰਿਕਾਰਡ ਕੀਤਾ ਜਾਵੇਗਾ ਅਤੇ ਇਸਦੇ ਸਿੱਟੇ ਵਜੋਂ ਉਹ ਮੈਂਬਰ ਫ਼ੈਸਲਾ ਲੈਣ ਦੀ ਪ੍ਰਕ੍ਰਿਆ ਵਿਚੋਂ ਹਟ ਸਕਦਾ ਹੈ।

ਜੇਕਰ ਤੁਸੀਂ ਉੱਪਰ ਦੱਸੇ ਸੰਬੰਧੀ ਕੋਈ ਹੋਰ ਗੱਲ ਪੁੱਛਣੀ ਹੈ, ਤਾਂ ਬੇਝਿਜਕ ਲਾਇਸੰਸਿੰਗ ਡਵੀਜ਼ਨ, ਚਰਚ ਸਕੁਏਅਰ ਹਊਸ, ਸਕੰਥੋਰਪ ਵਿਖੇ ਸੰਪਰਕ ਕਰੋ।